ਜਮਾ ਕਰਤਾ :-

ਅਨੀਤਾ

ਪੰਜਾਬੀ ਵਿਭਾਗ

ਸਰਕਾਰੀ ਕਾਲਜ ਲੜਕੀਆਂ,

ਲੁਧਿਆਣਾ

# ਨਾਟਕ – 'ਮੋਇਆ ਸਾਰ ਨਾ ਕਾਈ'

## "ਪੰਜਾਬੀ ਕੌਮ ਦੀ ਖੋ ਚੁਕੀ ਸੁਤੰਤਰਤਾ ਦਾ ਦੁਖਾਂਤ"



# ਮਹਾਰਾਜਾ ਦਲੀਪ ਸਿੰਘ



# ਮਹਾਰਾਣੀ ਜਿੰਦਾਂ



# ਮਿਸ ਬੰਬਾ



# ਵਿਕਟਰ



# ਰਾਣੀ ਵਿਕਟੋਰੀਆ



ਗਲ 1845 ਈ: ਦੀ ਹੈ। ਜਦੋ ਜਿਤ ਰਹੀਆਂ ਸਿਖ ਫੌਜਾਂ ਸਰਦਾਰਾ ਦੀ ਗਦਾਰੀ ਕਾਰਨ ਹਾਰ ਜਾਂਦੀਆਂ ਹਨ।

ਅੰਗਰੇਜਾਂ ਦੁਆਰਾ ਇਸ ਬਗਾਵਤ ਨੂੰ ਦਬਾਕੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਤੋਂ ਇਕ ਸੰਧੀ ਤੇ ਦਸਤਖਤ ਕਰਵਾ ਲਏ ਗਏ ਤੇ ਸਾਰਾ ਪੰਜਾਬ ਰਾਜ ਆਪਣੇ ਹਵਾਲੇ ਕਰ ਲਿਆ ਗਿਆ।

ਮਹਾਰਾਜਾ ਦਲੀਪ ਸਿੰਘ ਨੂੰ ਲੇਡੀ ਲੋਗਨ ਤੇ ਸਰ ਜਾਨ ਲੋਗਨ ਦੀ ਅਗਵਾਈ ਹੇਠ ਇੰਗਲੈਂਡ ਭੇਜ ਦਿਤਾ ਗਿਆ।

ਮਹਾਰਾਣੀ ਜਿੰਦਾ ਨੂੰ ਰੋਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ।

# ਇੰਗਲੈਂਡ ਵਿਚ ਮਹਾਰਾਜਾ ਦਲੀਪ ਸਿੰਘ

੧. ਇਸਾਈ  ਧਰਮ ਗ੍ਰਹਿਣ ਕਰ ਲੈਂਦਾ ਹੈ
੨. ਅਕਾਲ ਪੁਰਖ ਦੇ ਭਾਣੇ ਅੰਦਰ ਜੀਵਨ ਬਤੀਤ ਕਰਦਾ
੩. ਤਿਆਗਵਾਦੀ ਰੁਚੀਆਂ ਦਾ ਮਾਲਕ
੪. ਅੰਗਰੇਜਾਂ ਤੋਂ ਡਰਦਾ
੫. ਰਾਜਨੀਤਿਕ ਸੂਝ-ਬੂਝ ਤੋਂ ਬਹੁਤ ਦੂਰ ਹੋ ਜਾਂਦਾ ਹੈ ਅਤੇ ਪੂਰਨ ਤੌਰ ਤੇ ਅੰਗਰੇਜਾ ਅਧੀਨ ਜੀਵਨ ਬਤੀਤ ਕਰਦਾ ਹੈ।

# ਕੋਹਿਨੂਰ ਹੀਰਾ

ਉਹ ਕੋਹਿਨੂਰ ਹੀਰਾ ਮਹਾਰਾਣੀ ਵਿਕਟੋਰੀਆ ਨੂੰ ਆਪ ਭੇਟ ਕਰਨ ਦੀ ਇਛਾ ਲੇਡੀ ਲੋਗਨ ਅਗੇ ਰਖਦਾ ਹੈ।

# ਰੂਸ ਜਾਣਾ

ਸੰਨ 1882 ਵਿਚ ਮਹਾਰਾਜਾ ਮੁਕਰਜੀ , ਉਕੋਨੋਫ , ਸੋਲਿੰਸਕੀ ਦੀ ਹਿੰਮਤ ਸਦਕਾ ਬਾਗੀ ਬਣ ਜਾਂਦਾ ਹੈ ਤੇ ਪੰਜਾਬ ਰਾਜ ਵਾਪਸ ਲੈਣ ਲਈ ਤਿਆਰ ਹੋ ਜਾਂਦਾ ਹੈ।

"ਇਹਨਾ ਅੰਗਰੇਜੀ ਦੇਵਤਿਆ ਨੂੰ ਇਕ ਵਾਰੀ ਤਾਂ ਲੋਹੇ ਦੇ ਚਣੇ ਚਬਾ ਦਿਆਂਗਾ ਜੇ ਤੁਸੀ ਲੋਕ ਮੇਰੀ ਮਦਦ ਕਰੋ ਤਾਂ……"

# ਬ੍ਰਿਟਿਸ਼ ਸਰਕਾਰ ਦੀ ਗੁਲਾਮੀ ਦਾ ਅਹਿਸਾਸ

ਜਦੋਂ ਬ੍ਰਿਟਿਸ਼ ਸਰਕਾਰ ਦੇ ਹੁਕਮ ਅਨੁਸਾਰ ਮਹਾਰਾਜਾ ਦਲੀਪ ਸਿੰਘ ਆਪਣੀ ਮਾਂ ਦੀ ਮੌਤ ਮਗਰੋਂ ਉਸਦੀ ਆਖਰੀ ਇਛਾ (ਜੋ ਕਿ ਉਸਦੇ ਫੁਲ ਹਰਿਦੁਆਰ ਜਾਕੇ ਪਾਉਣ ਦੀ ਸੀ) ਪੂਰੀ ਨਹੀਂ ਕਰ ਪਾਓਂਦਾ ਤਾਂ ਉਸਨੂੰ ਆਪਣੀ ਕੈਦ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਨਰਬਦਾ ਨਦੀ ਤੋਂ ਫੁਲ ਪਾਕੇ ਆਉਂਦਾ ਹੋਇਆ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਹੈ ਤੇ ਲੁਸਿੰਡਾ ਬੰਬਾ ਨਾਲ ਵਿਆਹ ਕਰਵਾ ਲੈਂਦਾ ਹੈ।

# ਚਿੱਠੀ ਦਾ ਜਵਾਬ

- ਜਦੋ ਮਹਾਰਾਜ ਦਲੀਪ ਸਿੰਘ ਨੇ ਮਦਦ ਲਈ ਪੰਜਾਬ ਦੇ ਸਰਦਾਰਾਂ ਨੂੰ ਚਿਠੀ ਭੇਜੀ ਤਾਂ
- ਸਰਦਾਰਾ ਦਾ ਜਵਾਬ ਸੀ ਕਿ
- " ਅਸੀ ਆਪ ਨੂੰ ਸਚੇ ਦਿਲੋਂ ਸਲਾਹ ਦਿੰਦੇ ਹਾਂ ਕਿ ਆਪ ਝਟ ਹੀ ਵਾਪਸ ਇੰਗਲੈਂਡ ਜਾ ਕੇ ਸ੍ਰੀ ਮਲਕਾ ਮੁਅਜ਼ਮਾ ਪਾਸੋਂ ਖਿਮਾ ਮੰਗੋ ਤੇ ਪੰਥ ਦੀਆ ਖੁਸ਼ੀਆਂ ਪ੍ਰਾਪਤ ਕਰੋ "

# ਆਖਰੀ ਸਮਾਂ

ਇਹ ਜਵਾਬ ਮਹਾਰਾਜੇ ਦਾ ਹਿਰਦਾ ਵਿੰਨ੍ਹ ਦਿੰਦਾ ਹੈ ਤੇ 23 ਅਕਤੂਬਰ 1893 ਵਿਚ ਮਹਾਰਾਜਾ ਪੈਰਿਸ ਦੇ ਲਿਬਰਟੀ ਦੀ ਇਕ ਛਤ ਦੇ ਕਮਰੇ ਵਿਚ ਆਪਣੀਆ ਗਲਤੀਆਂ , ਬੇਸਮਝੀ ਤੇ ਸਰਦਾਰਾਂ ਦੇ ਧੋਖੇ ਨੂੰ ਯਾਦ ਕਰਦਾ ਹੋਇਆ ਤਪਦਿਕ ਦੇ ਰੋਗ ਕਾਰਨ ਪ੍ਰਾਣ ਤਿਆਗ ਦਿੰਦਾ ਹੈ।


In
Memory of
DULEEP SINGH, G.C.S.I.
MAHARAJAH OF LAHORE.
BORN IN THE PUNJAB
4TH SEPTEMBER 1838.
DIED IN PARIS
22ND OCTOBER 1893.
AGED 55